# ਖ਼ੁਲਾਸਾ ਖ਼ੁਤਬਾ ਜੁਮਆ 24 .10.2014

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁੱਮੇ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 24 ਅਕਤੂਬਰ ਸਨ 2014 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ।

ਸਯੱਦਨਾ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੀ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਬਾਰੇ ਕੁਝ ਈਮਾਨ ਵਧਾਉਂਣ ਵਾਲੀਆਂ ਰਿਵਾਇਤਾਂ ਦਾ ਵਰਨਣ ।

ਤਸ਼ਹੁੱਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

ਦੋ ਦਿਨ ਹੋਏ ਅਲਫਜ਼ਲ ਇੰਟਰ ਨੈਸ਼ਨਲ ਦੇ ਤਾਜ਼ਾ ਪਰਚੇ ਨੂੰ ਦੇਖ ਰਿਹਾ ਸੀ । ਇਸ ਵਿੱਚ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਦੇ ਇਕ ਖ਼ਤਾਬ ਦਾ ਇਕ ਭਾਗ ਦਿੱਤਾ ਹੋਇਆ ਸੀ ਜਿਸ ਵਿੱਚ ਆਪ ਨੇ ਉਸ ਸਮੇਂ 1937 ਈ. ਵਿੱਚ ਇਹ ਧਿਆਨ ਦੁਆਇਆ ਸੀ ਕਿ ਇਸ ਸਮੇਂ ਕਈ ਸਹਾਬਾ ਜੀਉਂਦੇ ਹਨ ਇਸ ਲਈ ਇਹਨਾਂ ਤੋਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਹਾਲਾਤ ਤੇ ਕਥਨ ਇਕੱਤਰ ਕਰਕਵਾਏ ਜਾਣ । ਕਿਉਂਕਿ ਇਕ ਸਮਾਂ ਆਵੇਗਾ, ਜੱਦ ਅਨੇਕਾਂ ਹੀ ਮਸਲਿਆਂ ਦੇ ਹਲ ਲਈ ਇਹਨਾਂ ਗੱਲਾਂ ਦੀ ਬਹੁਤ ਮਹਤੱਾ ਹੋ ਜਾਵੇਗੀ ।

ਇਸ ਸਮੇਂ ਏਥੇ ਵਰਨਣ ਕਰਨ ਲਈ ਮੈਂ ਕੁਝ ਗੱਲਾਂ ਤੇ ਘਟਨਾਵਾਂ ਲਈਆਂ ਹਨ ਜੋ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਦੀਆਂ ਆਪਣੀਆਂ ਹਨ ਜਾਂ ਆਪ ਨੇ ਦੂਜਿਆਂ ਦੀਆਂ ਘਟਨਾਵਾਂ ਵਰਨਣ ਕੀਤੀਆਂ ਹਨ । ਇਸ ਵਿੱਚ ਨਸੀਹਤਾਂ ਵੀ ਹਨ ਅਤੇ ਕੁਝ ਗੱਲਾਂ ਦਾ ਵਿਸਥਾਰ ਵੀ । ਕੁਝ ਇਕ ਮੈਂ ਅੱਜ ਵਰਨਣ ਕਰਾਂਗਾ । ਕਿਸੇ ਖ਼ਾਸ ਵਿਸ਼ੇ'ਤੇ ਨਹੀਂ ਸਗੋਂ ਵੱਖ ਵੱਖ ਘਟਨਾਵਾਂ ਹਨ ਅਤੇ ਭਵਿੱਖ ਵਿੱਚ ਵੀ ਮੌਕੇ ਅਨੁਸਾਰ ਵਰਨਣ ਹੁੰਦੀਆਂ ਰਹਿਣਗੀਆਂ, ਇੰਸ਼ਾਅਲੱਾਹ । ਖ਼ੁਤਬੇ ਵਿੱਚ ਇਹ ਘਟਨਾਵਾਂ ਇਸ ਲਈ ਵਰਨਣ ਕਰਦਾ ਹਾਂ ਅਤੇ ਕਰਾਂਗਾ, ਕਿਉਂਕਿ ਐਮ.ਟੀ.ਏ. ਰਾਹੀਂ ਖ਼ੁਤਬਾ ਜੁਮਆ ਦੁਨੀਆ ਵਿੱਚ ਸਭ ਤੋਂ ਵੱਧ ਸੁਣਿਆ ਜਾਂਦਾ ਹੈ ਅਤੇ ਜਿਵੇਂ ਕਿ ਮੈਂ ਕਿਹਾ ਕਈ ਮਸਲਿਆਂ ਨੂੰ ਹਲ ਕਰਨ ਵਿੱਚ ਇਹ ਗੱਲਾਂ ਅਧਾਰ ਬਣਦੀਆਂ ਹਨ । ਇਸ ਲਈ ਹਰ ਅਹਮਦੀ ਤੱਕ ਇਹ ਸੰਦੇਸ਼ ਪਹੁੰਚਣਾ ਜ਼ਰੂਰੀ ਹੈ ਅਤੇ ਖ਼ੁਤਬਾ ਹੀ ਸਭ ਤੋਂ ਚੰਗਾ ਸਾਧਨ ਹੈ ।

ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਇਕ ਵਾਰ ਇਕ ਕੁਤੱਾ ਸਾਡੇ ਬੂਹੇ'ਤੇ ਆਇਆ ਅਤੇ ਮੈਂ ਓਥੇ ਖੜਾ ਸੀ, ਅੰਦਰ ਕਮਰੇ ਵਿੱਚ ਕੇਵਲ ਹਜ਼ਰਤ ਸਾਹਬ ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਸਨ । ਮੈਂ ਉਸ ਕੁੱਤੇ ਨੂੰ ਸੰਕੇਤ ਕੀਤਾ ਅਤੇ ਕਿਹਾ ਟੀਪੂ ਟੀਪੂ । ਹਜ਼ਰਤ ਸਾਹਬ ਬਹੁਤ ਗੁੱਸੇ ਨਾਲ ਬਾਹਰ ਆਏ ਅਤੇ ਫ਼ਰਮਾਇਆ ਤੁਹਾਨੂੰ ਸ਼ਰਮ ਨਹੀਂ ਆਉਂਦੀ ਕਿ ਅੰਗ੍ਰੇਜ਼ ਨੇ ਤਾਂ ਦੁਸ਼ਮਨੀ ਕਰਕੇ ਆਪਣੇ ਕੁੱਤਿਆਂ ਦਾ ਨਾਂ ਇਕ ਸੱਚੇ ਮੁਸਲਮਾਨ ਦੇ ਨਾਂ'ਤੇ ਟੀਪੂ ਰੱਖਿਆ ਹੈ ਅਤੇ ਤੁਸੀਂ ਉਸ ਦੀ ਨਕਲ ਕਰਕੇ ਕੁੱਤੇ ਨੂੰ ਟੀਪੂ ਕਹਿੰਦੇ ਹੋ । ਖ਼ਬਰਦਾਰ ! ਭਵਿੱਖ ਵਿੱਚ ਅਜਿਹੀ ਹਰਕਤ ਨ ਕਰਨਾ । ਲਿਖਦੇ ਹਨ ਕਿ ਸੰਭਵਤਾ ਉਸ ਸਮੇਂ ਮੇਰੀ ਉਮਰ ਅੱਠ ਜਾਂ ਨੌ ਸਾਲ ਦੀ ਹੋਵੇਗੀ । ਉਹ ਪਹਿਲਾ ਦਿਨ ਸੀ ਜੱਦ ਮੇਰੇ ਅੰਦਰ ਦਿਲ ਵਿੱਚ ਟੀਪੂ ਸੁਲਤਾਨ ਲਈ ਪ੍ਰੇਮ ਦੀ ਭਾਵਨਾ ਕਾਇਮ ਹੋ ਗਈ ਅਤੇ ਮੈਂ

ਸਮਝਿਆ ਕਿ ਸੁਲਤਾਨ ਟੀਪੂ ਦੀ ਕੁਰਬਾਨੀ ਅਜਾਈਂ ਨਹੀਂ ਗਈ । ਰੱਬ ਨੇ ਉਸ ਦੇ ਨਾਂ ਨੂੰ ਐਨ੍ਹੀ ਬਰਕਤ ਬਖ਼ਸ਼ੀ ਹੈ ਕਿ ਰੱਬ ਵੱਲੋਂ ਭੇਜਿਆ ਗਿਆ ਜ਼ਮਾਨੇ ਦਾ ਅਵਤਾਰ ਉਸ ਦੀ ਕਦਰ ਕਰਦਾ ਹੈ ਅਤੇ ਉਸ ਲਈ ਗ਼ੈਰਤ ਰੱਖਦਾ ਹੈ ਫਿਰ ਆਪ ਲਿੱਖਦੇ ਹਨ ਕਿ ਇਸ ਗੱਲ ਨਾਲ ਜਿੱਥੇ ਇਕ ਪਾਸੇ ਇਹ ਸਿੱਟਾ ਨਿਕਲਦਾ ਹੈ ਕਿ ਬੱਚੇ ਦੇ ਹਰ ਕਾਰਜ ਨੂੰ ਐਵੇਂ ਹੀ ਸਹਿਨ ਕਰਨਾ ਹਲੀਮੀ ਦੀ ਪਰੀਭਾਸ਼ਾ ਵਿੱਚ ਨਹੀਂ ਆਉਂਦਾ, ਓਥੇ ਹਜ਼ਰਤ ਸਾਹਬ ਦੀ ਅਥਾਹ ਧਾਰਮਕ ਤੇ ਕੌਮੀ ਗ਼ੈਰਤ ਦਾ ਅੰਦਾਜ਼ਾ ਹੁੰਦਾ ਹੈ ਕਿ ਉਹ ਬੱਚਾ ਜੋ ਆਪ ਜੀ ਦੀ ਅਤਿਅੰਤ ਮਿਹਨਤ ਨਾਲ ਲਿੱਖੇ ਹੋਏ ਬਹੁਮੱਲ ਖਰੜੇ ਨੂੰ ਜਿਸ'ਤੇ ਰੱਬ ਜਾਣੇ ਕਿੰਨ੍ਹਿਆਂ ਹੀ ਘੰਟਿਆਂ ਜਾਂ ਰਾਤਾਂ ਦੀ ਮਿਹਨਤ ਲਾਈ ਹੋਵੇਗੀ, ਪਲ ਵਿੱਚ ਤੀਲੀ ਲਾਕੇ ਸਾੜ ਦਿੰਦਾ ਹੈ, ਉਸ ਦਾ ਇਹ ਕਾਰਜ ਤਾਂ ਆਪ ਸਹਿਨ ਕਰ ਲੈਂਦੇ ਹਨ ਅਤੇ ਉਸ ਕਸ਼ਟ ਦਾ ਆਪ ਕੋਈ ਖ਼ਿਆਲ ਨਹੀਂ ਕਰਦੇ ਜੋ ਇਸ ਦੇ ਸਿੱਟੇ ਵਿੱਚ ਆਪ ਨੂੰ ਮੁੜ ਚੁਕਣਾ ਪਿਆ । ਇਹ ਘਟਨਾ ਜਿਸਦਾ ਹਵਾਲਾ ਦੇ ਰਹੇ ਹਾਂ ਉਹ ਇਹ ਹੈ ਕਿ ਇਕ ਵਾਰ ਹਜ਼ਰਤ ਮੁਸਲਿਹ ਮਊਦ ਰਜ਼ੀ ਅਲੱਾਹ ਅਨਹੁ ਨੇ ਖੇਡ ਖੇਡ ਵਿੱਚ ਹਜ਼ਰਤ ਮਸੀਹ ਮੁਓਦ ਅਲੈਹਿ ਸਲਾਮ ਦੀ ਕਿਤਾਬ ਦੇ ਸਾਰੇ ਦੇ ਸਾਰੇ ਖਰੜੇ ਨੂੰ ਅੱਗ ਲਾ ਦਿੱਤੀ, ਪਰ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸ ਗੱਲ'ਤੇ ਕੁਝ ਨਹੀਂ ਕਿਹਾ । ਆਪ ਇਹੋ ਫ਼ਰਮਾ ਰਹੇ ਹਨ ਕਿ ਆਪ ਨੇ ਇਸ ਨੂੰ ਤਾਂ ਸਹਿਨ ਕਰ ਲਿਆ ਜੋ ਆਪ ਦੀ ਐਨ੍ਹੀ ਮਿਹਨਤ ਸੀ ਪਰ ਇਹ ਸਹਿਨ ਨਹੀਂ ਹੋਇਆ ਕਿ ਇਕ ਕੌਮੀ ਲੀਡਰ ਦੀ ਰਤਾ ਵੀ ਹਤੱਕ ਕੀਤੀ ਜਾਵੇ । ਫ਼ਰਮਾਉਂਦੇ ਹਨ ਕਿ ਪਰ ਇਕ ਮੁਸਲਮਾਨ ਸੁਲਤਾਨ ਜੋ ਕੌਮੀ ਅਣਖ ਵਿੱਚ ਸ਼ਹੀਦ ਹੋਇਆ ਅਤੇ ਜਿਸ ਨਾਲ ਆਪ ਦਾ ਇਸਲਾਮ ਤੋਂ ਬਿਨਾ ਕੋਈ ਰਿਸ਼ਤਾ ਨਹੀਂ ਸੀ ਉਸ ਦੇ ਨਾਂ ਨੂੰ ਇਕ ਬੱਚੇ ਦਾ ਅਗਿਆਨਤਾ ਵਿੱਚ ਵੀ ਇਸ ਪ੍ਰਕਾਰ ਨਾਂ ਲੈਣਾ ਜਿਸ ਨਾਲ ਉਸ ਦੀ ਬੇਅਦਬੀ ਹੁੰਦੀ ਹੋਵੇ, ਆਪ ਤੋਂ ਸਹਿਨ ਨ ਹੋ ਸਕੀ । ਇਸ ਘਟਨਾ ਵਿੱਚ ਉਹਨਾਂ ਲੋਕਾਂ ਲਈ ਵੀ ਪਾਠ ਹੈ ਜੋ ਹਜ਼ਰਤ ਸਾਹਬ'ਤੇ ਅੰਗ੍ਰੇਜ਼ ਦਾ ਏਜੰਟ ਹੋਣ ਦਾ ਆਰੋਪ ਲਾਉਂਣ ਦੀ ਜੁਰੱਤ ਕਰਦੇ ਹਨ । ਕੌਮੀ ਅਣਖ ਨਾਲ ਭਰਪੂਰ ਉਹ ਮਨ ਜੋ ਸੁਲਤਾਨ ਫ਼ਤਹਿ ਅਲੀ ਟੀਪੂ ਦਾ ਕੇਵਲ ਇਸ ਲਈ ਅਤਿਅੰਤ ਸਨਮਾਨ ਕਰਦਾ ਸੀ ਕਿ ਉਸ ਨੇ ਅੰਗ੍ਰੇਜ਼ਾਂ ਸਾਹਮਣੇ ਸਿਰ ਝੁਕਾਉਣ ਦੀ ਥਾਂ ਆਪਣਾ ਜੀਵਨ ਮਰਦਾਨਾਵਾਰ ਨਿਛਾਵਰ ਕਰ ਦਿੱਤਾ । ਕਿਵੇਂ ਸੰਭਵ ਹੈ ਕਿ ਅਜਿਹੇ ਅਣਖੀ ਮਨੁਖ ਬਾਰੇ ਕਿਸੇ ਗ਼ੈਰ ਕੌਮ ਦਾ ਏਜੰਟ ਹੋਣ ਦਾ ਭਰਮ ਤੱਕ ਵੀ ਮਨ ਵਿੱਚ ਲਿਆਂਦਾ ਜਾਵੇ ।

ਫਿਰ ਇਕ ਥਾਂ ਆਪ ਫ਼ਰਮਾਉਂਦੇ ਹਨ ਕਿ ਮੇਰੇ ਨੇੜੇ ਉਹਨਾਂ ਮਾਂਪਿਆਂ ਤੋਂ ਵੱਧ ਕੇ ਕੋਈ ਦੁਸ਼ਮਨ ਨਹੀਂ, ਜੋ ਬੱਚਿਆਂ ਨੂੰ ਨਮਾਜ਼ ਬਾ ਜਮਾਅਤ ਪੜ੍ਹਨ ਦੀ ਆਦਤ ਨਹੀਂ ਪਾਉਂਦੇ । ਮੈਂਨੂੰ ਆਪਣੀ ਇਕ ਗੱਲ ਚੇਤੇ ਹੈ ਕਿ ਇਕ ਵਾਰ ਹਜ਼ਰਤ ਸਾਹਬ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਕੁਝ ਬਿਮਾਰ ਸਨ, ਇਸ ਲਈ ਜੁਮਏ ਲਈ ਮਸਜਿਦ ਨ ਜਾ ਸਕੇ । ਮੈਂ ਉਸ ਸਮੇਂ ਬਾਲਗ਼ ਨਹੀਂ ਹੋਇਆ ਸੀ ਕਿ ਬਾਲਗ਼ਾਂ ਵਾਲੇ ਹੁਕੁਮ ਮੇਰੇ ਉਪੱਰ ਲਾਗੂ ਹੁੰਦੇ । ਛੋਟਾ ਬੱਚਾ ਸੀ । ਮੈਂ ਜੁਮਆ ਪੜ੍ਹਨ ਮਸਜਿਦ ਵੱਲ ਆ ਰਿਹਾ ਸੀ ਕਿ ਇਕ ਮਨੁੱਖ ਮੈਂਨੂੰ ਮਿਲਿਆ, ਉਸ ਸਮੇਂ ਦੀ ਉਮਰ ਦੇ ਪੱਖੋਂ ਤਾਂ ਸ਼ਕਲ ਇਸ ਸਮੇਂ ਚੇਤੇ ਨਹੀਂ ਰਹਿ ਸਕਦੀ ਪਰ ਉਸ ਗੱਲ ਦਾ ਮੇਰੇ ਉਪੱਰ ਅਜਿਹਾ ਪ੍ਰਭਾਵ ਹੋਇਆਕਿ ਮੈਂਨੂੰ ਹੁਣ ਤੱਕ ਉਸ ਵਿਅਕਤੀ ਦੀ ਸੂਰਤ ਚੇਤੇ ਹੈ, ਉਹਨਾਂ ਦਾ ਨਾਂ ਮੁਹਮੱਦ ਬਖ਼ਸ਼ ਹੈ, ਉਹ ਹੁਣ ਕਾਦੀਆਂ ਵਿੱਚ ਹੀ ਰਹਿੰਦੇ ਹਨ, ਮੈਂ ਉਹਨਾਂ ਨੂੰ ਪੁੱਛਿਆ ਆਪ ਵਾਪਸ ਆ ਰਹੇ ਹੋ, ਕੀ ਨਮਾਜ਼ ਹੋ ਗਈ ਹੈ ? ਉਹਨਾ ਨੇ ਕਿਹਾ ਕਿ ਆਦਮੀ ਬਹੁਤ ਹਨ ਮਸਜਿਦ ਵਿੱਚ ਥਾਂ ਨਹੀਂ ਸੀ, ਮੈਂ ਵਾਪਸ ਆ ਗਿਆ । ਮੈਂ ਵੀ ਇਹ ਉਤੱਰ ਸੁਣ ਕੇ ਵਾਪਸ ਆ ਗਿਆ ਅਤੇ ਘਰ ਆਣਕੇ ਨਮਾਜ਼ ਪੜ੍ਹ ਲਈ । ਹਜ਼ਰਤ ਸਾਹਬ ਨੇ ਇਹ ਦੇਖ ਕੇ ਮੈਥੋਂ ਪੁੱਛਿਆ ਕਿ ਮਸਜਿਦ ਵਿੱਚ ਨਮਾਜ਼ ਪੜ੍ਹਨ ਕਿਉਂ ਨਹੀਂ ਗਏ ? ਰੱਬ ਦੀ ਅਥਾਹ ਮਿਹਰ ਹੈ ਕਿ ਮੈਂ ਬਚਪਨ ਤੋਂ ਹੀ ਹਜ਼ਰਤ ਸਾਹਬ ਦਾ ਅਦਬ ਉਹਨਾਂ ਦੇ ਨਬੀ ਹੋਣ ਕਰਕੇ ਕਰਦਾ ਸੀ । ਮੈਂ ਦੇਖਿਆ ਕਿ ਆਪ ਦੇ ਪੁੱਛਣ ਵਿੱਚ ਇਕ ਸਖ਼ਤੀ ਜਿਹੀ ਸੀ ਅਤੇ ਆਪ ਦੇ ਚਿਹਰੇ ਤੋਂ ਗੁਸੱਾ ਪ੍ਰਕਟ ਹੋ ਰਿਹਾ ਸੀ । ਆਪ ਦਾ ਇਸ ਢੰਗ ਨਾਲ ਪੁਛੱਣ ਦਾ ਮੇਰੇ ਉਪੱਰ ਬਹੁਤ ਪ੍ਰਭਾਵ ਹੋਇਆ । ਉਤੱਰ ਵਿੱਚ ਮੈਂ ਕਿਹਾ ਕਿ ਮੈਂ ਗਿਆ ਤਾਂ ਸੀ ਪਰ ਥਾਂ ਨ ਹੋਣ ਕਰਕੇ ਵਾਪਸ ਆ ਗਿਆ । ਆਪ

ਇਹ ਸੁਣ ਕੇ ਚੁੱਪ ਹੋ ਰਹੇ ਪਰ ਜਿਸ ਸਮੇਂ ਜੁਮਆ ਪੜ੍ਹਕੇ ਮੌਲਵੀ ਅਬਦੁਲ ਕਰੀਮ ਸਾਹਬ ਆਪ ਦਾ ਹਾਲ ਪੁਛੱਣ ਲਈ ਆਏ ਤਾਂ ਸਭ ਤੋਂ ਪਹਿਲੀ ਗੱਲ ਜੋ ਹਜ਼ਰਤ ਸਾਹਬ ਨੇ ਆਪ ਜੀ ਤੋਂ ਪੁੱਛੀ ਉਹ ਇਹ ਸੀ ਕਿ ਕੀ ਅੱਜ ਮਸਜਿਦ ਵਿੱਚ ਲੋਕ ਬਹੁਤ ਸਨ? ਉਸ ਸਮੇਂ ਮੇਰੇ ਮਨ ਵਿੱਚ ਬਹੁਤ ਘਬਰਾਹਟ ਹੋਈ ਕਿਉਂਕਿ ਮੈਂ ਤਾਂ ਆਪ ਮਸਜਿਦ ਵਿੱਚ ਨਹੀਂ ਗਿਆ ਸੀ, ਪਤਾ ਨਹੀਂ ਦਸੱਣ ਵਾਲੇ ਨੂੰ ਗਲਤੀ ਲੱਗੀ ਜਾਂ ਮੈਂਨੂੰ ਉਸ ਦੀ ਗੱਲ ਸਮਝਣ ਵਿੱਚ ਗ਼ਲਤਫ਼ਹਿਮੀ ਹੋਈ । ਮੈਂ ਉਨ੍ਹਾਂ ਦੀ ਗੱਲ ਤੋਂ ਸਮਝਿਆ ਸੀ ਕਿ ਮਸਜਿਦ ਵਿੱਚ ਥਾਂ ਨਹੀਂ ਹੈ । ਮੈਂਨੂੰ ਇਸ ਗੱਲ ਦੀ ਚਿੰਤਾ ਹੋਈ ਕਿ ਜੇਕਰ ਮੈਂਨੂੰ ਗ਼ਲਤਫ਼ਹਿਮੀ ਹੋਈ ਹੈ ਜਾਂ ਦਸੱਣ ਵਾਲੇ ਨੂੰ ਹੋਈ ਹੈ ਦੋਹਾਂ ਅਵਸਥਾ ਵਿੱਚ ਆਰੋਪ ਮੇਰੇ ਉਪੱਰ ਆਵੇਗਾ, ਮੈਂ ਝੂਠ ਬੋਲਿਆ । ਮੌਲਵੀ ਅਬਦੁਲ ਕਰੀਮ ਸਾਹਬ ਨੇ ਉਤੱਰ ਦਿੱਤਾ ਹਾਂ ਹਜ਼ੂਰ ! ਅੱਜ ਵਾਸਤਵ ਵਿੱਚ ਬਹੁਤ ਲੋਕ ਸਨ । ਮੈਂ ਹੁਣ ਵੀ ਨਹੀਂ ਜਾਣਦਾ ਕਿ ਅਸਲੀਯਤ ਕੀ ਸੀ । ਰੱਬ ਨੇ ਮੇਰੇ ਬਰੀ ਹੋਣ ਦਾ ਸਾਧਨ ਕਰ ਦਿਤੱਾ ਕਿ ਮੌਲਵੀ ਸਾਹਬ ਦੇ ਮੂੰਹੋਂ ਵੀ ਇਸ ਦੀ ਤਸਦੀਕ ਕਰਾ ਦਿੱਤੀ ਜਾਂ ਵਾਸਤਵ ਵਿੱਚ ਉਸ ਦਿਨ ਕੋਈ ਬਹੁਤੇ ਹੀ ਲੋਕ ਆਏ ਸਨ । ਬਹਿਰਹਾਲ ਇਹ ਘਟਨਾ ਵਾਪਰੀ ਜਿਸ ਦਾ ਅੱਜ ਤੱਕ ਮੇਰੇ ਮਨ ਉਪੱਰ ਡੂੰਘਾ ਪ੍ਰਭਾਵ ਹੈ । ਇਸ ਤੋਂ ਪਤਾ ਲੱਗ ਸਕਦਾ ਹੈ ਕਿ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੂੰ ਨਮਾਜ਼ ਬਾਜਮਾਅਤ ਦਾ ਕਿੰਨ੍ਹਾ ਖ਼ਿਆਲ ਰਹਿੰਦਾ ਸੀ ।

ਫ਼ਰਮਾਉਂਦੇ ਹਨ ਕਿ ਇਕ ਵਾਰ ਸਾਡੇ ਨਾਨਾ ਜਾਨ ਹਜ਼ਰਤ ਮੀਰ ਨਾਸਿਰ ਨਵਾਬ ਰਜ਼ੀ ਅਲੱਾਹ ਅਨਹੁ ਨੇ ਮੇਰੀ ਉਰਦੂ ਦੀ ਪ੍ਰੀਖਿਆ ਲਈ, ਹੁਣ ਵੀ ਲਿਖਾਈ ਚੰਗੀ ਨਹੀਂ, ਲਿਖਾਈ ਚੰਗੀ ਨਹੀਂ ਪਰ ਉਸ ਸਮੇਂ ਮੇਰੀ ਲਿਖਾਈ ਐਨ੍ਹੀ ਖਰਾਬ ਸੀ ਕਿ ਪੜ੍ਹੀ ਨਹੀਂ ਜਾਂਦੀ ਸੀ ਕਿ ਮੈਂ ਕੀ ਲਿੱਖਿਆ ਹੈ । ਉਹਨਾਂ ਨੇ ਬਹੁਤ ਜਤਨ ਕੀਤਾ ਕਿ ਪਤਾ ਲਾਉਣ ਕਿ ਮੈਂ ਕੀ ਲਿੱਖਿਆ ਹੈ ਪਰ ਉਹਨਾਂ ਨੂੰ ਕੁਝ ਨ ਪਤਾ ਲੱਗਾ । ਉਹਨਾਂ ਦਾ ਸੁਭਾਵ ਬਹੁਤ ਤਿੱਖਾ ਸੀ, ਗੁੱਸੇ ਵਿੱਚ ਝੱਟ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਪਾਸ ਸ਼ਿਕਾਇਤ ਲੈਕੇ ਪਹੁੰਚੇ ਤਾਂ ਹੋਰ ਵੀ ਡਰ ਪੈਦਾ ਹੋਇਆ ਕਿ ਹੁਣ ਪਤਾ ਨਹੀਂ ਕੀ ਹੋਵੇ । ਖ਼ੈਰ ਮੀਰ ਸਾਹਬ ਆ ਗਏ ਅਤੇ ਹਜ਼ਰਤ ਸਾਹਬ ਨੂੰ ਕਹਿਣ ਲੱਗੇ ਕਿ ਮਹਮੂਦ ਦੀ ਸਿੱਖਿਆ ਵੱਲ ਆਪ ਰਤਾ ਵੀ ਧਿਆਨ ਨਹੀਂ ਦਿੰਦੇ । ਮੈਂ ਉਸ ਦੀ ਉਰਦੂ ਦੀ ਪ੍ਰੀਖਿਆ ਲਈ, ਰਤਾ ਪਰਚਾ ਤਾਂ ਦੇਖੋ, ਉਸ ਦਾ ਐਨ੍ਹਾ ਭੈੜਾ ਖ਼ਤ ਹੈ ਕਿ ਕੋਈ ਵੀ ਇਹ ਲਿਖਾਈ ਨਹੀਂ ਪੜ੍ਹ ਸਕਦਾ । ਫਿਰ ਇਸੇ ਜੋਸ਼ ਵਿੱਚ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੂੰ ਕਹਿਣ ਲੱਗੇ ਕਿ ਆਪ ਉਕੱਾ ਹੀ ਪਰਵਾਹ ਨਹੀਂ ਕਰਦੇ ਅਤੇ ਲੜਕੇ ਦੀ ਉਮਰ ਬਰਬਾਦ ਹੋ ਰਹੀ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਜੱਦ ਮੀਰ ਸਾਹਬ ਨੂੰ ਇਸ ਪ੍ਰਕਾਰ ਜੋਸ਼ ਵਿੱਚ ਦੇਖਿਆ ਤਾਂ ਫ਼ਰਮਾਇਆ, ਬੁਲਾਓ ਹਜ਼ਰਤ ਮੌਲਵੀ ਸਾਹਬ ਨੂੰ, ਜੱਦ ਆਪ ਨੂੰ ਕੋਈ ਮੁਸ਼ਕਲ ਪੇਸ਼ ਆਉਂਦੀ ਤਾਂ ਆਪ ਹਮੇਸ਼ਾ ਹਜ਼ਰਤ ਖ਼ਲੀਫ਼ਾਤੁਲ ਮਸੀਹ ਅਵੱਲ ਰਜ਼ੀ ਅਲੱਾਹ ਅਨਹੁ ਨੂੰ ਬੁਲਾ ਲਿਆ ਕਰਦੇ ਸਨ । ਹਜ਼ਰਤ ਖ਼ਲੀਫ਼ਾ ਅਵੱਲ ਨੂੰ ਮੇਰੇ ਨਾਲ ਬਹੁਤ ਪ੍ਰੇਮ ਸੀ । ਆਪ ਆਏ ਅਤੇ ਮਾਮੂਲ ਅਨੁਸਾਰ ਸਿਰ ਨੀਵਾਂ ਕਰਕੇ ਇਕ ਪਾਸੇ ਖੜੇ ਹੋ ਗਏ । ਸਿਰ ਚੁੱਕ ਕੇ ਨਹੀਂ ਦੇਖਿਆ ਕਰਦੇ ਸਨ ਹਜਰਤ ਮਸੀਹ ਮਊਦ ਅਲੈਹਿ ਸਲਾਮ ਦੇ ਸਾਹਮਣੇ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਮੌਲਵੀ ਸਾਹਬ ! ਮੈਂ ਆਪ ਜੀ ਨੂੰ ਇਸ ਉਦੇਸ਼ ਨਾਲ ਬੁਲਾਇਆ ਹੈ ਕਿ ਮੀਰ ਸਾਹਬ ਕਹਿੰਦੇ ਹਨ ਕਿ ਮਹਮੂਦ ਦਾ ਲਿੱਖਿਆ ਪੜ੍ਹਿਆ ਨਹੀਂ ਜਾਂਦਾ । ਮੇਰਾ ਜੀ ਕਰਦਾ ਹੈ ਕਿ ਇਸ ਦੀ ਪ੍ਰੀਖਿਆ ਲੈ ਲਈ ਜਾਵੇ । ਇਹ ਕਹਿੰਦੇ ਹੋਏ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਕਲਮ ਚੁੱਕੀ ਅਤੇ ਦੋ ਤਿੰਨ ਪੰਕਤੀਆਂ ਲਿੱਖ ਕੇ ਮੈਂਨੂੰ ਦਿੱਤੀਆਂ ਅਤੇ ਫ਼ਰਮਾਇਆ ਇਸ ਨੂੰ ਨਕਲ ਕਰੋ । ਬਸ ਇਹ ਮ੍ਰੀਖਿਆ ਸੀ ਜੋ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਲਈ । ਮੈਂ ਬਹੁਤ ਇਹਤਿਯਾਤ ਨਾਲ ਸੋਚ ਸਮਝ ਕੇ ਨਕਲ ਕਰ ਦਿੱਤੀ । ਅਵੱਲ ਤਾਂ ਉਹ ਪੰਕਤੀ ਕੋਈ ਲੰਮੀ ਨਹੀਂ ਸੀ ਦੂਜਾ ਮੈਂ ਕੇਵਲ ਨਕਲ ਕਰਨੀ ਸੀ ਅਤੇ ਨਕਲ ਕਰਨ ਵਿੱਚ ਹੋਰ ਵੀ ਆਸਾਨੀ ਹੁੰਦੀ ਹੈ ਕਿਉਂਕਿ ਅਸਲ ਚੀਜ਼ ਸਾਹਮਣੇ ਹੁੰਦੀ ਹੈ । ਫਿਰ ਮੈਂ ਹੌਲੀ ਹੌਲੀ ਨਕਲ ਕੀਤੀ । ਅਲਿਫ਼ ਅਤੇ ਬੇ ਆਦਿ ਇਹਤਿਯਾਤ ਨਾਲ ਪਾਏ। ਜੱਦ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਦੇਖਿਆ ਤਾਂ ਫ਼ਰਮਾਉਣ ਲੱਗੇ, ਮੈਂਨੂੰ ਤਾਂ ਮੀਰ ਸਾਹਬ ਦੀ ਗੱਲ ਨਾਲ ਬਹੁਤ ਚਿੰਤਾ ਪੈਦਾ ਹੋ ਗਈ ਸੀ, ਪਰ ਇਸ ਦੀ ਲਿਖਾਈ ਤਾਂ ਮੇਰੀ ਲਿਖਾਈ ਨਾਲ ਰਲਦੀ ਮਿਲਦੀ ਹੈ । ਹਜ਼ਰਤ ਖ਼ਲੀਫ਼ਾ

ਅਵੱਲ ਰਜ਼ੀ ਅਲੱਾਹ ਅਨਹੁ ਪਹਿਲਾਂ ਹੀ ਮੇਰੀ ਪੱਖ ਦਾ ਉਧਾਰ ਖਾਈ ਬੈਠੇ ਸਨ, ਫ਼ਰਮਾਉਣ ਲੱਗੇ ਹਜ਼ੂਰ ! ਮੀਰ ਸਾਹਬ ਨੂੰ ਐਵੇਂ ਹੀ ਜੋਸ਼ ਆ ਗਿਆ ਹੈ ਨਹੀਂ ਤਾਂ ਲਿਖਾਈ ਚੰਗੀ ਭਲੀ ਹੈ ।

ਫਿਰ ਫ਼ਰਮਾਉਂਦੇ ਹਨ ਕਿ ਵਿਰੋਧਤਾ ਜਮਾਤ ਦੀ ਹੁੰਦੀ ਹੈ ਨਬੀ ਦੀ ਹੁੰਦੀ ਹੈ ਇਹ ਤਰੱਕੀ ਦਾ ਸਾਧਨ ਬਣਦੀ ਹੈ ਇਸ ਬਾਰੇ ਲਿੱਖਦੇ ਹਨ ਕਿ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਤੋਂ ਕਈ ਵਾਰ ਇਹ ਗੱਲ ਸੁਣੀ ਹੈ ਕਿ ਆਪ ਫ਼ਰਮਾਇਆ ਕਰਦੇ ਸਨ ਕਿ ਦੁਸ਼ਮਨ ਜੱਦ ਸਾਨੂੰ ਗਾਲ੍ਹਾਂ ਕਢੱਦੇ ਹਨ ਅਤੇ ਵਿਰੋਧਤਾ ਕਰਦੇ ਹਨ ਤਾਂ ਸਾਨੂੰ ਆਸ ਹੁੰਦੀ ਹੈ ਕਿ ਇਹਨਾਂ ਵਿੱਚੋਂ ਸਦਭਾਵੀ ਆਤਮਾਵਾਂ ਸਾਡੇ ਵੱਲ ਆ ਜਾਣਗੀਆਂ ਪਰ ਜੱਦ ਨ ਤਾਂ ਲੋਕ ਸਾਨੂੰ ਗਾਲ੍ਹਾਂ ਕਢੱਦੇ ਹਨ ਅਤੇ ਨ ਹੀ ਵਿਰੋਧਤਾ ਕਰਦੇ ਹਨ ਅਤੇ ਉਕੱਾ ਹੀ ਚੁਪ ਹੋ ਜਾਂਦੇ ਹਨ ਤਾਂ ਇਹ ਗੱਲ ਸਾਡੇ ਲਈ ਕਸ਼ਟਮਈ ਹੁੰਦੀ ਹੈ । ਆਪ ਫ਼ਰਮਾਇਆ ਕਰਦੇ ਸਨ ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਕਿ ਨਬੀ ਦੀ ਉਧਾਰਣ ਉਸ ਬੁੱਢੀ ਮਾਈ ਜਿਹੀ ਹੁੰਦੀ ਹੈ ਜਿਸ ਬਾਰੇ ਪ੍ਰਸਿੱਧ ਹੈ ਕਿ ਉਹ ਕੁਝ ਪਾਗ਼ਲ ਜਿਹੀ ਸੀ ਅਤੇ ਸ਼ਹਿਰ ਦੇ ਬੱਚੇ ਉਸ ਨੂੰ ਛੇੜਿਆ ਕਰਦੇ ਸਨ ਅਤੇ ਉਹ ਉਹਨਾਂ ਨੂੰ ਗਾਲ੍ਹਾਂ ਦੇ ਬਦ ਅਸੀਸਾਂ ਦਿਆ ਕਰਦੀ ਸੀ । ਅੰਤ ਬੱਚਿਆਂ ਦੇ ਮਾਂਪਿਆਂ ਨੇ ਨਿਰਣਾ ਕੀਤਾ ਕਿ ਬੱਚਿਆਂ ਨੂੰ ਰੋਕਿਆ ਜਾਵੇ ਕਿ ਉਹ ਬੁੱਢੀ ਮਾਈ ਨੂੰ ਤੰਗ ਨ ਕਰਿਆ ਕਰਨ । ਸੋ, ਉਹਨਾ ਨੇ ਬੱਚਿਆਂ ਨੂੰ ਸਮਝਾਇਆ ਪਰ ਬੱਚੇ ਤਾਂ ਬੱਚੇ ਸਨ ਉਹ ਕਦੋਂ ਮੁੜਨ ਵਾਲੇ ਸਨ, ਇਹ ਵਿਉਂਤ ਵੀ ਕਾਰਗਰ ਨ ਹੋਈ । ਅੰਤ ਬੱਚਿਆਂ ਦੇ ਮਾਂਪਿਆਂ ਨੇ ਫ਼ੈਸਲਾ ਕੀਤਾ ਕਿ ਬੱਚਿਆਂ ਨੂੰ ਬਾਹਰ ਨ ਨਿਕਲਣ ਦਿਤੱਾ ਜਾਵੇ ਅਤੇ ਬੂਹੇ ਬੰਦ ਰੱਖੇ ਜਾਣ । ਸੋ, ਉਹਨਾ ਨੇ ਇਸ'ਤੇ ਅਮਲ ਕੀਤਾ ਅਤੇ ਦੋ ਤਿੰਨ ਦਿਨ ਤੱਕ ਬੱਚਿਆ ਨੂੰ ਬਾਹਰ ਨ ਨਿਕਲਣ ਦਿੱਤਾ । ਇਸ'ਤੇ ਜੱਦ ਬੁੱਢੀ ਮਾਈ ਨੇ ਦੇਖਿਆ ਕਿ ਹੁਣ ਬੱਚੇ ਉਸਨੂੰ ਤੰਗ ਨਹੀਂ ਕਰਦੇ ਤਾਂ ਉਹ ਘਰ ਘਰ ਜਾਂਦੀ ਅਤੇ ਕਹਿੰਦੀ ਤੁਹਾਡਾ ਬੱਚਾ ਕਿੱਥੇ ਗਿਆ ਹੈ ? ਕੀ ਉਸ ਨੂੰ ਸੱਪ ਨੇ ਡੱਸ ਲਿਆ ਹੈ, ਕੀ ਉਹ ਹੈਜ਼ੇ ਨਾਲ ਮਰ ਗਿਆ ਹੈ, ਕੀ ਉਸ'ਤੇ ਛੱਤ ਡਿੱਗ ਪਈ ਹੈ, ਕੀ ਉਸ'ਤੇ ਬਿਜਲੀ ਡਿੱਗ ਪਈ ਹੈ ? ਭਾਵ ਉਹ ਹਰ ਬੂਹੇ'ਤੇ ਜਾਂਦੀ ਅਤੇ ਭਾਂਤ ਭਾਂਤ ਦੀਆਂ ਗੱਲਾਂ ਕਰਦੀ । ਅੰਤ ਲੋਕਾਂ ਨੇ ਸਮਝਿਆ ਕਿ ਬੁੱਢੀ ਮਾਈ ਨੇ ਤਾਂ ਪਹਿਲਾਂ ਤੋਂ ਵੀ ਵੱਧਕੇ ਗਾਲ੍ਹਾਂ ਤੇ ਬਦ ਅਸੀਸਾਂ ਦੇਣੀਆਂ ਅਰੰਭ ਕਰ ਦਿੱਤੀਆਂ ਹਨ ਇਸ ਲਈ ਬੱਚਿਆਂ ਨੂੰ ਬੰਦ ਰੱਖਣ ਦਾ ਕੀ ਲਾਭ । ਉਹਨਾਂ ਨੇ ਬੱਚਿਆਂ ਨੂੰ ਛੱਡ ਦਿੱਤਾ । ਆਪ ਫ਼ਰਮਾਇਆ ਕਰਦੇ ਸਨ ਕਿ ਇਹੋ ਹਾਲਤ ਨਬੀ ਦੀ ਹੁੰਦੀ ਹੈ । ਜੱਦ ਵਿਰੋਧਤਾ ਤੇਜ਼ ਹੁੰਦੀ ਹੈ ਉਸ ਸਮੇਂ ਵੀ ਕਸ਼ਟ ਹੁੰਦਾਂ ਹੈ ਅਤੇ ਜੱਦ ਵਿਰੋਧੀ ਚੁੱਪ ਕਰ ਜਾਂਦੇ ਹਨ ਉਸ ਸਮੇਂ ਵੀ ਉਸ ਨੂੰ ਕਸ਼ਟ ਹੁੰਦਾ ਹੈ ਕਿਉਂਕਿ ਜੱਦ ਤੱਕ ਵਿਰੋਧਤਾ ਨ ਹੋਵੇ ਲੋਕਾਂ ਦਾ ਧਿਆਨ ਇਲਾਹੀ ਸਿਲਸਿਲੇ ਵੱਲ ਨਹੀਂ ਹੋ ਸਕਦਾ । ਨਬੀ ਵੱਲੋਂ ਗਾਲ੍ਹਾਂ ਤਾਂ ਨਹੀਂ ਆਉਂਦੀਆਂ, ਨਬੀ ਵੱਲੋਂ ਹਰ ਅਵਸਥਾ ਵਿੱਚ ਦੁਆਵਾਂ ਮਿਲਦੀਆਂ ਹਨ । ਪਰ ਜੱਦ ਵਿਰੋਧਤਾ ਤੇਜ਼ ਹੁੰਦੀ ਹੈ ਤਾਂ ਵਿਰੋਧੀਆਂ ਲਈ ਵੀ ਦੁਆਵਾਂ ਹੁੰਦੀਆਂ ਹਨ ਤਾਂ ਜੋ ਸਦਭਾਵੀ ਆਤਮਾਵਾਂ ਫਿਰ ਸਚੱਾਈ ਨੂੰ ਵੀ ਕਬੂਲ ਕਰ ਲੈਣ ।

ਫਿਰ ਇਕ ਥਾਂ ਆਪ ਫ਼ਰਮਾਉਂਦੇ ਹਨ ਇਸ ਵਿੱਚ ਸੰਦੇਹ ਨਹੀਂ ਕਿ ਰੱਬ ਦੀਆਂ ਮਿਹਰਾਂ ਵੀ ਦਰਿਆ ਵਾਂਗ ਹੁੰਦੀਆ ਹਨ ਅਤੇ ਦਰਿਆ ਵਿੱਚੋਂ ਇਕ ਬੂੰਦ ਪਾਣੀ ਲੈ ਲਿਆ ਜਾਵੇ ਤਾਂ ਉਸ ਵਿੱਚ ਕੀ ਕਮੀ ਆ ਸਕਦੀ ਹੈ ਪਰ ਬੰਦਾ ਹੀ ਅਜਿਹਾ ਬਦਕਿਸਮਤ ਹੈ ਕਿ ਉਹ ਆਪ ਆਪਣੇ ਆਪ ਨੂੰ ਰੱਬ ਦੀਆਂ ਨੇਮਤਾਂ ਤੋਂ ਵਾਂਜਿਆਂ ਕਰ ਲੈਂਦਾ ਹੈ ਅਤੇ ਉਹਨਾਂ ਵੱਲੋਂ ਮੂੰਹ ਮੋੜਕੇ ਬਹਿ ਜਾਂਦਾ ਹੈ ਅਤੇ ਜੱਦ ਕੋਈ ਮਾਮੂਰ (ਰੱਮ ਦੇ ਭੇਜਿਆ ਸੁਧਾਰਕ) ਆਉਂਦਾ ਹੈ ਤਾਂ ਲੋਕ ਉਸ ਨੂੰ ਹਕੀਰ (ਤੁੱਛ) ਸਮਝ ਕੇ ਉਸ ਦਾ ਇਨਕਾਰ ਕਰਨਾ ਅਰੰਭ ਕਰ ਦਿੰਦੇ ਹਨ । ਫਿਰ ਲਿੱਖਦੇ ਹਨ ਕਿ ਹਜ਼ਰਤ ਬਾਬਾ ਨਾਨਕ ਦੇ ਮਾਂ ਪੇ ਵੀ ਉਹਨਾਂ ਨੂੰ ਹਕੀਰ ਨਿਗਾਹ ਨਾਲ ਦੇਖਦੇ ਸਨ ਅਤੇ ਕਹਿੰਦੇ ਸਨ ਕਿ ਇਸ ਨੇ ਸਾਡੀ ਦੁਕਾਨਦਾਰੀ ਖ਼ਰਾਬ ਕਰ ਦਿੱਤੀ ਹੈ ਅਤੇ ਸਾਡੇ ਘਰ ਵਿੱਚ ਇਹ ਨਿਕਮੱਾ ਬੱਚਾ ਪੈਦਾ ਹੋਇਆ ਹੈ । ਜੇਕਰ ਉਹਨਾਂ ਦੇ ਮਾਂਪੇ ਅਜੱ ਜੀਵਤ ਹੋਕੇ ਦੁਨੀਆ ਵਿੱਚ ਆ ਜਾਣ ਅਤੇ ਦੇਖਣ ਕਿ ਉਹੋ ਬੱਚਾ ਜਿਸ ਨੂੰ ਅਸੀਂ ਹਕੀਰ (ਤੁੱਛ) ਜਾਣਦੇ ਸੀ, ਹੁਣ ਲੱਖਾਂ ਹੀ ਉਸ'ਤੇ ਨਿਛਾਵਰ ਹਨ, ਉਸ ਦੇ ਨਾਂ'ਤੇ ਜਾਨ ਦੇਣ ਨੂੰ ਤਿਆਰ ਬੈਠੇ ਹਨ ਅਤੇ ਉਹਨਾਂ ਵਿੱਚੋਂ ਕਈ ਕਰੋੜਪਤੀ ਹਨ ਤਾਂ ਹੈਰਾਨ ਰਹਿ ਜਾਣਗੇ । ਪਰ ਲੋਕ

ਬੇਵਕੂਫ਼ੀ ਨਾਲ ਸਮਝ ਲੈਂਦੇ ਹਨ ਕਿ ਇਹ ਛੋਟਾ ਆਦਮੀ ਹੈ । ਇਸ ਨੂੰ ਅਸੀਂ ਮੰਨ ਕੇ ਕੀ ਕਰਨਾ ਹੈ, ਪਰ ਰੱਬ ਅਜਿਹੇ ਹੀ ਮਨੁੱਖ ਨੂੰ ਚੁਣ ਕੇ ਭੇਜਦਾ ਹੈ ਜੋ ਵੇਖਣ ਨੂੰ ਤਾਂ ਛੋਟੇ ਲੱਗਦੇ ਹਨ ਅਤੇ ਇਕ ਸਮਾਂ ਆਉਂਦਾ ਹੈ ਕਿ ਉਹਨਾਂ ਦੇ ਨਾਂ'ਤੇ ਮਰ ਮਿਟਣ ਵਾਲੇ ਲੱਖਾਂ ਹੀ ਲੋਕ ਪੈਦਾ ਹੋ ਜਾਂਦੇ ਹਨ । ਫ਼ਰਮਾਇਆ ਇਸੇ ਪ੍ਰਕਾਰ ਕਾਦੀਆਂ ਵਿੱਚ ਹਜ਼ਰਤ ਮਸੀਹ ਮਊਦ ਅਲਹਿ ਸਲਾਮ ਨੂੰ ਰੱਬ ਨੇ ਭੇਜਿਆ । ਕਾਦੀਆਂ ਵਿੱਚ ਨ ਤਾਂ ਪਹਿਲਾਂ ਰੇਲ ਸੀ ਨ ਡਾਕਖ਼ਾਨਾ ਸੀ, ਨ ਕੋਈ ਧਾਰਮਕ ਜਾਂ ਸੰਸਾਰਕ ਗਿਆਨ ਦਾ ਕੇਂਦਰ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਵੀ ਕੋਈ ਸੰਸਾਰਕ ਪ੍ਰਤਿਸ਼ਠਤਾ ਨਹੀਂ ਰੱਖਦੇ ਸਨ ਅਤੇ ਵੇਖਣ ਨੂੰ ਜੋ ਵਿਦਿਆ ਆਪ ਨੇ ਹਾਸਲ ਕੀਤੀ ਉਹ ਵੀ ਮਮੂਲੀ ਸੀ ਇਸ ਲਈ ਜੱਦ ਆਪ ਨੇ ਮਸੀਹ ਤੇ ਮਹਦੀ ਹੋਣ ਦਾ ਦਾਵਾ ਕੀਤਾ ਤਾਂ ਲੋਕਾਂ ਨੇ ਸ਼ੋਰ ਮਚਾ ਦਿੱਤਾ ਕਿ ਨਊਜ਼ਬਿੱਲਾਹ ਇਹ ਮਨੁੱਖ ਜਾਹਲ ਹੈ, ਇਹ ਮਨੁੱਖ ਕਿਵੇਂ ਮਹਦੀ ਹੋ ਸਕਦਾ ਹੈ । ਜੇਕਰ ਮਾਮੂਰ (ਰੱਬ ਦੇ ਭੇਜਿਆ ਸੁਧਾਰਕ) ਆਉਂਣਾ ਹੀ ਸੀ ਤਾਂ ਲਾਹੌਰ ਜਾਂ ਅਮ੍ਰਤਸਰ ਜਾਂ ਇਸ ਤੋਂ ਵੱਡੇ ਸ਼ਹਿਰ ਵਿੱਚ ਆਉਂਣਾ ਚਾਹੀਦਾ ਸੀ । ਭਾਵ ਲੋਕਾਂ ਨੇ ਅਤਿਅੰਤ ਵਿਰੋਧਤਾ ਅਰੰਭ ਕਰ ਦਿੱਤੀ ਅਤੇ ਜੋ ਲੋਕ ਆਪ ਦੇ ਦਾਵੇ ਨੂੰ ਸੁਣ ਕੇ ਆਪ ਦੇ ਦਰਸ਼ਨਾ ਲਈ ਕਾਦੀਆਂ ਆਉਂਣ ਦਾ ਨਿਸ਼ਚਾ ਕਰਦੇ ਸਨ, ਉਹਨਾਂ ਨੂੰ ਵੀ ਰੋਕਿਆ ਜਾਂਦਾ ਸੀ । ਜੇਕਰ ਉਹ ਨ ਰੁਕਦੇ ਸਨ ਤਾਂ ਉਹਨਾਂ ਨੂੰ ਵੱਖ ਵੱਕ ਪ੍ਰਕਾਰ ਦੇ ਕਸ਼ਟ ਦਿੱਤੇ ਜਾਂਦੇ ਸਨ । ਉਹਨਾਂ ਨੂੰ ਭਿੰਨ ਭਿੰਨ ਪ੍ਰਕਾਰ ਦੀਆਂ ਮੁਸੀਬਤਾਂ ਅਤੇ ਦੁਖੱਾਂ ਵਿੱਚ ਪਾ ਦਿੱਤਾ ਜਾਂਦਾ ਸੀ । ਪਰ ਇਹਨਾਂ ਸਾਰਿਆਂ ਦੁਖੱਾਂ ਦੀ ਹਾਲਤ ਵਿੱਚ ਆਪ ਨੂੰ ਅਲੱਾਹ ਤਆਲਾ ਵੱਲੋਂ ਇਹ ਇਲਹਾਮ ਹੋਇਆ ਕਿ ਦੁਨੀਆ ਵਿੱਚ ਇਕ ਨਜ਼ੀਰ ਆਇਆ ਪਰ ਦੁਨੀਆ ਨੇ ਉਸਨੂੰ ਕੁਬੂਲ ਨ ਕੀਤਾ ਪਰ ਖ਼ੁਦਾ ਉਸਨੂੰ ਕੁਬੂਲ ਕਰੇਗਾ ਅਤੇ ਵੱਡੇ ਜ਼ੋਰਦਾਰ ਹਮਲਿਆਂ ਰਾਹੀਂ ਉਸ ਦੀ ਸਚੱਾਈ ਪ੍ਰਗਟ ਕਰ ਦੇਵੇਗਾ । ਇਹ ਇਲਹਾਮ ਆਪ ਨੂੰ ਉਸ ਸਮੇਂ ਹੋਇਆ ਜਦ ਆਪ ਨੂੰ ਇਕ ਆਦਮੀ ਵੀ ਨਹੀਂ ਮੰਨ੍ਹਦਾ ਸੀ । ਫਿਰ ਇਹ ਇਲਹਾਮ ਹੋਇਆ ਕਿ ਮੈਂ ਤੇਰੀ ਤਬਲੀਗ਼ (ਪ੍ਰਚਾਰ) ਨੂੰ ਦੁਨੀਆ ਦੇ ਕੰਢਿਆਂ ਤੱਕ ਪਹੁੰਚਾਉਂਗਾ । ਉਸ ਜੁੱਗ ਵਿੱਚ ਵਿਰੋਧਤਾ ਦਾ ਇਹ ਹਾਲ ਸੀ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਇਕ ਨੌਕਰ ਪੀਰਾ ਨਾਮੀ ਸੀ ਜੋ ਐਨ੍ਹਾ ਬੇਵਕੂਫ਼ ਸੀ ਕਿ ਸਾਨਲ ਵਿੱਚ ਮਿੱਟੀ ਦਾ ਤੇਲ ਮਿਲਾ ਕੇ ਪੀ ਜਾਂਦਾ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਕਦੇ ਕਦੇ ਉਸਨੂੰ ਕਿਸੇ ਕੰਮ ਲਈ ਬਟਾਲਾ ਭੇਜ ਦਿਆ ਕਰਦੇ ਸਨ । ਇਕ ਵਾਰ ਉਸ ਨੂੰ ਬਟਾਲਾ ਭੇਜਿਆ ਗਿਆ ਤਾਂ ਓਥੇ ਮੌਲਵੀ ਮੁਹਮੱਦ ਹੁਸੈਨ ਸਾਹਬ ਬਟਾਲਵੀ ਮਿਲੇ ਜੋ ਅਹਿਲੇ ਹਦੀਸ ਦੇ ਮੰਨੇ ਪਰ ਮੰਨੇ ਲੀਡਰ ਸਨ ਅਤੇ ਬਹੁਤ ਵੱਡੇ ਭਾਰੀ ਮੌਲਵੀ ਸਮਝੇ ਜਾਂਦੇ ਸਨ । ਉਹਨਾਂ ਦਾ ਇਹੋ ਕੰਮ ਸੀ ਕਿ ਹਰ ਉਸ ਮਨੁੱਖ ਨੂੰ ਜੋ ਬਟਾਲੇ ਤੋਂ ਕਾਦੀਆਂ ਆਉਣ ਵਾਲਾ ਹੁੰਦਾ ਸੀ ਮਿਲਦੇ ਤੇ ਕਹਿੰਦੇ ਕਿ ਉਸ ਮਨੁੱਖ ਅਰਥਾਤ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਦੁਕਾਨ ਬਣਾਈ ਹੋਈ ਹੈ ਅਤੇ ਉਹ ਝੂਠਾ ਹੈ ਤੁਸੀਂ ਕਾਦੀਆਂ ਜਾਕੇ ਕੀ ਕਰੋਗੇ ਪਰ ਇਹ ਸਭ ਕੁਝ ਹੁੰਦਿਆਂ ਹੋਇਆ ਵੀ ਲੋਕ ਕਾਦੀਆਂ ਆ ਜਾਇਆ ਕਰਦੇ ਸਨ ਅਤੇ ਮੌਲਵੀ ਸਾਹਬ ਦੇ ਰੋਕਿਆਂ ਵੀ ਨਹੀਂ ਰੁਕਦੇ ਸਨ । ਉਸ ਦਿਨ ਮੌਲਵੀ ਸਾਹਬ ਨੂੰ ਹੋਰ ਕੋਈ ਤਾਂ ਨ ਮਿਲਿਆ, ਪੀਰਾ ਹੀ ਮਿਲ ਗਿਆ, ਉਸ ਕੋਲ ਜਾਕੇ ਕਹਿਣ ਲੱਗੇ ਪੀਰਿਆ ! ਤੈਂਨੂੰ ਉਸ ਮਨੁੱਖ ਕੋਲ ਨਹੀਂ ਰਹਿਣਾ ਚਾਹੀਦਾ, ਕਿਉਂ ਆਪਣਾ ਈਮਾਨ ਖ਼ਰਾਬ ਕਰਦਾ ਹੈਂ । ਉਹ ਵਿਚਾਰਾ ਉਹਨਾਂ ਦੀ ਇਸ ਪ੍ਰਕਾਰ ਦੀਆਂ ਗੱਲਾਂ ਨ ਸਮਝ ਸਕਿਆ ਪਰ ਉਸ ਨੇ ਐਨ੍ਹਾ ਜ਼ਰੂਰ ਸਮਝਿਆ ਕਿ ਇਹ ਕਹਿ ਰਹੇ ਹਨ ਕਿ ਮਿਰਜ਼ਾ ਸਾਹਬ ਕੋਲ ਰਹਿਣਾ ਠੀਕ ਨਹੀਂ ਹੈ । ਜੱਦ ਮੌਲਵੀ ਸਾਹਬ ਸਾਰੀਆਂ ਗੱਲਾਂ ਕਰ ਚੁਕੇ ਤਾਂ ਕਹਿਣ ਲੱਗਾ ਮੌਲਵੀ ਸਾਹਬ ਮੈਂ ਤਾਂ ਉਕੱਾ ਹੀ ਜਾਹਲ ਹਾਂ ਅਤੇ ਇਸ ਪ੍ਰਕਾਰ ਦੀਆਂ ਗੱਲਾ ਨਹੀਂ ਸਮਝ ਸਕਦਾ, ਹਾਂ, ਐਨ੍ਹਾ ਜ਼ਰੂਰ ਸਮਝਿਆ ਹਾਂ ਕਿ ਆਪ ਨੇ ਕਿਹਾ ਹੈ ਕਿ ਮਿਰਜ਼ਾ ਸਾਹਬ ਬੁਰੇ ਹਨ, ਪਰ ਇਕ ਗੱਲ ਮੈਂਨੂੰ ਵੀ ਦਿਖਾਈ ਦਿੰਦੀ ਹੈ ਕਿ ਆਪ ਪ੍ਰਤੀਦਿਨ ਬਟਾਲੇ ਵਿੱਚ ਚਕੱਰ ਲਾ ਲਾ ਕੇ ਲੋਕਾਂ ਨੂੰ ਕਹਿੰਦੇ ਫਿਰਦੇ ਹੋ ਕਿ ਕੋਈ ਮਨੁੱਖ ਕਾਦੀਆਂ ਨ ਜਾਇਆ ਕਰੇ ਅਤੇ ਦੂਜਿਆਂ ਖੇਤਰਾਂ ਤੋਂ ਆਉਣ ਵਾਲੇ ਆਦਮੀਆਂ ਨੂੰ ਵੀ ਰੋਕਦੇ ਹੋ ਅਤੇ ਵਰਗ਼ਲਾਉਂਦੇ ਰਹਿੰਦੇ ਹੋ ਪਰ ਮੈਂਨੂੰ ਤਾਂ ਸਾਫ ਦਿਖਾਈ ਦਿੰਦਾ ਹੈ ਕਿ ਰੱਬ ਉਹਨਾਂ ਨਾਲ ਹੈ ਆਪ ਦੇ ਨਾਲ ਨਹੀਂ ਕਿਉਂਕਿ ਆਪ ਦੇ ਸਾਰੇ ਜਤਨਾ ਦੇ ਬਾਦ ਵੀ ਸੈਂਕੜੇ ਲੋਕਾਂ ਦੀ ਗਿਣਤੀ ਪੈਦਲ ਚਲਕੇ ਕਾਦੀਆਂ ਜਾਂਦੀ ਹੈ ਪਰ ਆਪ ਕੋਲ ਕਦੇ ਕੋਈ ਨਹੀਂ ਆਇਆ ।

ਫਿਰ ਫ਼ਰਮਾਉਂਦੇ ਹਨ ਕਿ ਸਾਡੀ ਜਮਾਤ ਦੇ ਇਕ ਸਨਮਾਨ ਯੋਗ ਮਨੁੱਖ ਸਾਹਿਜ਼ਾਦਾ ਅਬਦੁਲ ਲਤੀਫ਼ ਸਾਹਬ ਸ਼ਹੀਦ ਵੀ ਇਸੇ ਪ੍ਰਕਾਰ ਦੇ ਲੋਕਾਂ ਵਿੱਚੋਂ ਸਨ ਜੋ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਦਾ ਦਾਵਾ ਸੁਣ ਕੇ ਪਹੁੰਚੇ । ਉਹ ਹੱਜ ਲਈ ਘਰੋਂ ਨਿਕਲੇ ਅਤੇ ਹਜ਼ਰਤ ਮਸੀਹ ਮਊਦ ਅਲਹਿ ਸਲਾਮ ਦੀ ਦਾਵਤ (ਨਿਮੰਤਰਣ) ਸੁਣ ਕੇ ਕਾਦੀਆਂ ਆ ਗਏ ਅਤੇ ਬੈਅਤ ਕਰ ਲਈ । ਬੈਅਤ ਦੇ ਬਾਦ ਘਰ ਗਏ ਤਾਂ ਅਫ਼ਗ਼ਾਨਿਸਤਾਨ ਦੇ ਬਾਦਸ਼ਾਹ ਨੇ ਉਹਨਾਂ ਨੂੰ ਸੰਗਸਾਰੀ ਦਾ ਦੰਡ ਦਿੱਤਾ । ਕੇਵਲ ਇਸ ਲਈ ਕਿ ਉਹ ਹਜ਼ਰਤ ਮਸੀਹ ਮਊਦ ਅਲਹਿ ਸਲਾਮ ਦੀ ਬੈਅਤ ਕਰ ਚੁਕੇ ਸਨ । ਲੋਕਾਂ ਨੇ ਬਹੁਤ ਜ਼ੋਰ ਲਾਇਆ ਕਿ ਆਪ ਆਪਣੇ ਅਕੀਦੇ (ਆਸਥਾ) ਨੂੰ ਬਦਲ ਲੈਣ ਪਰ ਉਹ ਨ ਮੰਨੇ ਕਿਉਂਕਿ ਉਹਨਾਂ'ਤੇ ਵਾਸਤਵਿਕਤਾ ਪ੍ਰਕਟ ਹੋ ਚੁਕੀ ਸੀ । ਅੰਤ ਬਾਦਸ਼ਾਹ ਨੇ ਉਹਨਾਂ ਨੂੰ ਧਰਤੀ ਵਿੱਚ ਗੱਡ ਕੇ ਸੰਗਸਾਰ ਕਰਾ ਦਿੱਤਾ ਅਤੇ ਅਤਿਅੰਤ ਬੇਰਹਿਮੀ ਤੇ ਨਿਰਦੈਤਾ ਨਾਲ ਸ਼ਹੀਦ ਕੀਤਾ ਗਿਆ, ਪਰ ਉਹਨਾਂ ਨੇ ਉਫ਼ ਤੱਕ ਨ ਕੀਤੀ ਅਤੇ ਰੱਬ ਦੇ ਮਾਰਗ ਵਿੱਚ ਆਪਣੀ ਜਾਨ ਦੇ ਦਿੱਤੀ । ਸੰਗਸਾਰੀ ਤੋਂ ਪਹਿਲਾਂ ਇਕ ਵਜ਼ੀਰ ਉਹਨਾਂ ਕੋਲ ਆਇਆ ਅਤੇ ਕਹਿਣ ਲੱਗਾ ਕਿ ਤੁਸੀਂ ਆਪਣੇ ਮਨ ਵਿੱਚ ਬੇਸ਼ਕ ਉਹੋ ਅਕੀਦਾ ਰੱਖੋ ਪਰ ਕੇਵਲ ਮੂੰਹ ਰਾਹੀਂ ਇਨਕਾਰ ਕਰ ਦਿਓ ਪਰ ਉਹਨਾਂ ਨੇ ਫ਼ਰਮਾਇਆ ਮੈਂ ਝੂਠ ਨਹੀਂ ਬੋਲ ਸਕਦਾ । ਸੋ, ਉਹਨਾਂ ਨੂੰ ਸ਼ਹੀਦ ਕਰ ਦਿੱਤਾ ਗਿਆ । ਪਰ ਉਹਨਾਂ ਨੂੰ ਸ਼ਹੀਦ ਕਰਨ ਦੇ ਥੋੜ੍ਹੇ ਸਮੇਂ ਬਾਦ ਹੀ ਅਫ਼ਗ਼ਾਸਿਤਾਨ ਵਿੱਚ ਹੈਜ਼ਾ ਫੁੱਟ ਪਿਆ ਅਤੇ ਹਜ਼ਾਰਾਂ ਹੀ ਲੋਕ ਮਰ ਗਏ ਅਤੇ ਹੁਣ ਤੱਕ ਦੇਖੋ ਉਹ ਤਬਾਹੀ ਫੈਲਦੀ ਜਾ ਰਹੀ ਹੈ ।

ਅਲੱਾਹ ਤਆਲਾ ਹਰ ਅਹਮਦੀ ਵਿੱਚ ਧਾਰਮਕ ਗ਼ੈਰਤ ਵੀ ਪੈਦਾ ਕਰ ਦੇਵੇ । ਰੱਬ ਨਾਲ ਸੰਬੰਧ ਵੀ ਵਧਾਏ, ਸਬਰ, ਸ਼ਾਂਤੀ ਤੇ ਹੌਂਸਲਾ ਵੀ ਪੈਦਾ ਫ਼ਰਮਾਏ, ਮਨੁੱਖਤਾ ਨੂੰ ਬਚਾਉਂਣ ਲਈ ਦੁਆਵਾਂ ਦੀ ਵੀ ਤੌਫ਼ੀਕ ਸਾਨੂੰ ਪ੍ਰਦਾਨ ਕਰੇ । ਆਪਣੀ ਅਣਖ'ਤੇ ਆਪਣੀ ਵਿਨਮ੍ਰਤਾ ਨੂੰ ਗ਼ਾਲਬ ਕਰਨ ਵਾਲੇ ਹੋਈਏ ਇਸ ਦੀ ਤੌਫ਼ੀਕ ਬਖ਼ਸ਼ੇ ਅਤੇ ਪੂਰਨ ਰੂਪ ਵਿੱਚ ਆਪਣੀ ਰਜ਼ਾ ਵਿੱਚ ਸਾਨੂੰ ਚਲਾਏ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦੇ ਮਿਸ਼ਨ ਦੀ ਪੂਰਨਤਾ ਲਈ ਅਸੀਂ ਆਪਣਾ ਕਿਰਦਾਰ ਨਿਭਾਉਣ ਵਾਲੇ ਹੋਈਏ, ਹਰ ਉਹ ਗੱਲ ਕਰਨ ਵਾਲੇ ਹੋਈਏ ਜਿਸ ਦੀ ਹਜ਼ਰਤ ਮਸੀਹ ਮਊਦ ਅਲੈਹਿਸਲਾਮ ਨੇ ਆਪਣੀ ਜਮਾਤ ਦੇ ਮਨੰਣ ਵਾਲਿਆਂ ਨਾਲ ਜਮਾਤ ਦੇ ਲੋਕਾਂ ਤੋਂ ਇੱਛਾ ਕੀਤੀ ਹੈ ਜਾਂ ਆਸ ਰੱਖੀ ਹੈ ।

**Khulasa Khutba Juma 24.10.2014**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, for Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131